**ਪੰਜਾਬ ਸਰਕਾਰ**
**ਭਲਾਈ ਵਿਭਾਗ**
**(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)**

ਸੇਵਾ ਵਿਖੇ,

ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
-ਕਮ-ਮੈਂਬਰ ਸਕੱਤਰ, ਜਿਲ੍ਹਾ ਦਿਹਾਤੀ ਵਿਕਾਸ ਏਜੰਸੀ।

ਮੀਮੋ ਨੰ: ਡਿ.ਡਾ.3(ਐਸ.ਸੀ.ਏ.)-112/2015/4831
ਮਿਤੀ: ਚੰਡੀਗੜ੍ਹ, 31 ਅਗਸਤ, 2015

ਵਿਸ਼ਾ:- **ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 26.8.2015 ਨੂੰ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਵਰਤੋਂ ਸਬੰਧੀ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਾਲ ਹੋਈ ਮੀਟਿੰਗ ਦੀ ਕਾਰਵਾਈ ਭੇਜਣ ਬਾਰੇ।**

*******

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਮਿਤੀ 26.8.2015 ਨੂੰ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਵਰਤੋਂ ਸਬੰਧੀ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਾਲ ਹੋਈ ਮੀਟਿੰਗ ਦੀ ਕਾਰਵਾਈ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

**ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਪਿੱਠਅੰਕਣ ਨੰ: ਡਿ.ਡਾ.3(ਐਸ.ਸੀ.ਏ.)-112/2015/4832 ਮਿਤੀ: 31-8-15

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਪਿੱਠਅੰਕਣ ਨੰ: ਡਿ.ਡਾ.3(ਐਸ.ਸੀ.ਏ.)-112/2015/4833 ਮਿਤੀ: 31-8-15

ਉਪਰੋਕਤ ਦਾ ਇੱਕ ਉਤਾਰਾ ਨਿੱਜੀ ਸਕੱਤਰ/ਸਕੱਤਰ ਭਲਾਈ ਨੂੰ ਮਾਨਯੋਗ ਸਕੱਤਰ ਭਲਾਈ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

**ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਵਰਤੋ ਅਤੇ ਹੋਰ ਮੁੱਦਿਆਂ ਸਬੰਧੀ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਾਲ ਮਿਤੀ 26.8.2015 ਨੂੰ ਹੋਈ ਮੀਟਿੰਗ ਦੀ ਕਾਰਵਾਈ।**

******

ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਦਾ ਵੇਰਵਾ **ਅਨੁਲੱਗ-ੳ** ਤੇ ਹੈ। ਜ਼ਿਲ੍ਹਾ ਫਾਜ਼ਿਲਕਾ ਅਤੇ ਮਾਨਸਾ ਦਾ ਕੋਈ ਨੁਮਾਇੰਦਾ ਮੀਟਿੰਗ ਵਿੱਚ ਹਾਜ਼ਰ ਨਹੀਂ ਹੋਇਆ।

2. ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਮਾਨਯੋਗ ਸਕੱਤਰ ਭਲਾਈ ਜੀ ਵੱਲੋਂ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨੂੰ ਜੀ ਆਇਆਂ ਆਖਿਆ ਗਿਆ। ਇਸ ਉਪਰੰਤ ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ ਵੱਲੋਂ ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆਂ ਨਾਲ ਹੋਏ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਉਪਰੰਤ ਹੇਠ ਅਨੁਸਾਰ ਫੈਸਲੇ ਲਏ ਗਏ:-

1. ਜ਼ਿਲ੍ਹਿਆਂ ਦੇ ਨੁਮਾਇੰਦਿਆਂ ਨੂੰ ਸੂਚਿਤ ਕੀਤਾ ਗਿਆ ਕਿ ਸਾਲ 2015-16 ਦੌਰਾਨ ਭਾਰਤ ਸਰਕਾਰ ਤੋਂ ਪਹਿਲੀ ਕਿਸ਼ਤ ਵੱਜੋਂ ਪ੍ਰਾਪਤ ਹੋਈ ਵਿਸ਼ੇਸ਼ ਕੇਂਦਰੀ ਸਹਾਇਤਾ ਦੀ 27.09 ਕਰੋੜ ਰੁਪਏ ਦੀ ਰਾਸ਼ੀ ਵਿਚੋਂ ਲਗਭਗ 18.00 ਕਰੋੜ ਰੁਪਏ ਦੀ ਰਾਸ਼ੀ ਸਬਸਿਡੀ ਸਕੀਮਾਂ ਉਪਰ ਖਰਚ ਕੀਤੀ ਜਾਣੀ ਹੈ ਅਤੇ ਸਬਸਿਡੀ ਕੰਪੋਨੈਟ ਅਧੀਨ ਅਜੇ ਵੀ 12.00 ਕਰੋੜ ਰੁਪਏ ਦੀ ਰਾਸ਼ੀ ਉਪਲਬਧ ਹੈ। ਉਹਨਾਂ ਨੂੰ ਵੱਧ ਤੋਂ ਵੱਧ ਸਬਸਿਡੀ ਸਕੀਮਾਂ ਤਿਆਰ ਕਰਕੇ ਭੇਜਣ ਲਈ ਕਿਹਾ ਗਿਆ ਤਾਂ ਕਿ ਅਣਖਰਚੀ ਪਈ ਰਾਸ਼ੀ ਨੂੰ ਜਲਦੀ ਖਰਚ ਕਰਕੇ ਭਾਰਤ ਸਰਕਾਰ ਤੋਂ ਦੂਜੀ ਕਿਸ਼ਤ ਦੀ 42.00 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਕੀਤੀ ਜਾ ਸਕੇ। ਇਸ ਤੋਂ ਇਲਾਵਾ, ਵੱਖ-ਵੱਖ ਸੰਭਾਵਿਤ ਸਬਸਿਡੀ ਸਕੀਮਾਂ, ਜਿਵੇਂ ਕਿ ਰਿਕਸ਼ਾ-ਰੇਹੜੀਆਂ, ਈਕੋ-ਰਿਕਸ਼ਾ, ਵੈਲਡਿੰਗ ਸੈਟ, ਕੰਪਰੈਸ਼ਰ, ਸਿਲਾਈ ਮਸ਼ੀਨਾਂ, ਪਾਥੀਆਂ ਬਨਾਉਣ ਵਾਲੀ ਮਸ਼ੀਨ, ਖੇਤੀਬਾੜੀ ਦੇ ਸੰਦ, ਕੰਮ ਕਰਨ ਵਾਲੇ ਅੰਗਹੀਣਾ ਲਈ ਟ੍ਰਾਈ-ਸਾਈਕਲ ਆਦਿ, ਬਾਰੇ ਜਾਣਕਾਰੀ ਵੀ ਦਿੱਤੀ ਗਈ। ਸਕੱਤਰ ਭਲਾਈ ਜੀ ਵੱਲੋਂ ਜ਼ਿਲਿਆਂ ਦੇ ਨੁਮਾਇੰਦਿਆਂ ਨੂੰ ਅਪਣੇ-ਅਪਣੇ ਜਿਲ੍ਹੇ ਦੀ ਲੋੜ ਅਨੁਸਾਰ ਵੱਧ ਤੋਂ ਵੱਧ ਸਬਸਿਡੀ ਸਬੰਧੀ ਸਕੀਮਾਂ ਤਿਆਰ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਭਲਾਈ ਵਿਭਾਗ ਨੂੰ ਭੇਜਣ ਲਈ ਕਿਹਾ ਗਿਆ। ਉਹਨਾਂ ਇਹ ਵੀ ਕਿਹਾ ਕਿ ਤਜ਼ਵੀਜ਼ਾਂ ਤਿਆਰ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹ ਸਕੀਮਾਂ viable ਹੋਣ ਅਤੇ ਇਹਨਾਂ ਦਾ ਸਿੱਧਾ ਲਾਭ ਅਨੁਸੂਚਿਤ ਜਾਤੀਆਂ ਦੇ ਲੋੜਵੰਦ ਲੋਕਾਂ ਤੱਕ ਪਹੁੰਚੇ।

2. ਜ਼ਿਲ੍ਹਿਆਂ ਦੇ ਨੁਮਾਇੰਦਿਆਂ ਨੂੰ ਅਜਿਹੀਆਂ ਸਿਖਲਾਈ ਸਕੀਮਾਂ ਦੀ ਸ਼ਨਾਖਤ ਕਰਨ ਲਈ ਕਿਹਾ ਗਿਆ ਜਿਨ੍ਹਾਂ ਅਧੀਨ ਅਨੁਸੂਚਿਤ ਜਾਤੀਆਂ ਦੇ ਗਰੀਬ ਲੜਕੇ/ਲੜਕੀਆਂ ਨੂੰ ਵੱਖ-ਵੱਖ ਤਰ੍ਹਾਂ ਦੀ ਸਿਖਲਾਈ ਤਾਂ ਦਿੱਤੀ ਜਾ ਰਹੀ ਹੈ ਲੇਕਿਨ ਉਹਨਾਂ ਨੂੰ ਆਪਣਾ ਕੰਮ ਸ਼ੁਰੂ ਕਰਨ ਲਈ ਟੂਲ-ਕਿੱਟ ਆਦਿ ਨਹੀਂ ਦਿੱਤੀ ਜਾ ਰਹੀ, ਤਾਂ ਕਿ ਸਿਖਲਾਈ ਉਪਰੰਤ ਇਹਨਾਂ ਸਿਖਿਅਤ ਲੜਕੇ/ਲੜਕੀਆਂ ਨੂੰ ਸਵੈ-ਰੁਜਗਾਰ ਸ਼ੁਰੂ ਕਰਨ ਲਈ ਵਿਸ਼ੇਸ਼ ਕੇਂਦਰੀ ਸਹਾਇਤਾ ਵਿਚੋਂ ਟੂਲ-ਕਿੱਟ ਆਦਿ ਦਿੱਤੀ ਜਾ ਸਕੇ।

3. ਜ਼ਿਲਿਆਂ ਦੇ ਨੁਮਾਇੰਦਿਆਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਅਪਣੇ-ਅਪਣੇ ਜਿਲ੍ਹੇ ਵਿੱਚ ਲਾਗੂ ਕੀਤੀਆ ਜਾ ਰਹੀਆਂ ਸਕੀਮਾਂ ਨੂੰ ਇਕ ਦੂਜੇ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਸਾਂਝੀਆਂ ਕਰਨ ਤਾਂ ਕਿ ਹਰ ਇਕ ਜ਼ਿਲ੍ਹੇ ਨੂੰ ਦੂਜੇ ਜ਼ਿਲ੍ਹਿਆਂ ਦੀਆਂ ਸਕੀਮਾਂ ਬਾਰੇ ਜਾਣਕਾਰੀ ਮਿਲ ਸਕੇ ਅਤੇ ਢੁਕਵੀਆਂ ਸਕੀਮਾਂ ਬਾਕੀ ਜ਼ਿਲ੍ਹਿਆ ਵਿੱਚ ਵੀ ਲਾਗੂ ਕੀਤੀਆ ਜਾ ਸਕਣ।

4. ਵਿਸ਼ੇਸ਼ ਕੇਂਦਰੀ ਸਹਾਇਤਾ ਅਧੀਨ ਕੇਵਲ ਪਹਿਲਾਂ ਤੋਂ ਚਲ ਰਹੀਆਂ ਸਕੀਮਾਂ, ਜਿਨ੍ਹਾਂ ਅਧੀਨ ਬੁਨਿਆਦੀ ਢਾਂਚਾ ਉਪਲਬਧ ਹੋਵੇਗਾ, ਨੂੰ ਹੀ ਸਪਲੀਮੈਂਟ ਕੀਤਾ ਜਾਵੇਗਾ ਅਤੇ ਨਵਾਂ ਬੁਨਿਆਦੀ ਢਾਂਚਾ ਸਥਾਪਿਤ ਕਰਨ ਲਈ ਫੰਡ ਜਾਰੀ ਕਰਨ ਤੋਂ ਗੁਰੇਜ ਕੀਤਾ ਜਾਵੇਗਾ।

5. ਕੁੱਝ ਜ਼ਿਲਿਆਂ ਵੱਲੋਂ ਵਿਸ਼ੇਸ਼ ਕੇਂਦਰੀ ਸਹਾਇਤਾ ਵਿੱਚੋਂ ਕੰਟੀਜੈਸੀ ਲਈ ਫੰਡ ਜਾਰੀ ਕਰਨ ਦੀ ਬੇਨਤੀ ਕੀਤੀ ਗਈ। ਇਸ ਸਬੰਧੀ ਫੈਸਲਾ ਕੀਤਾ ਗਿਆ ਕਿ ਜਿਲ੍ਹਾ ਦਿਹਾਤੀ ਵਿਕਾਸ ਏਜੰਸੀਆਂ, ਤਜ਼ਵੀਜ਼ਾਂ ਭੇਜਦੇ ਸਮੇਂ 1-2% ਰਾਸ਼ੀ ਕੰਟੀਜੈਸੀ ਲਈ ਮੰਗ ਸਕਦੀਆਂ ਹਨ।

6. ਕੁੱਝ ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀਆਂ ਵੱਲੋਂ ਦੱਸਿਆ ਗਿਆ ਕਿ ਉਹਨਾਂ ਕੋਲ ਵਿਸ਼ੇਸ਼ ਕੇਂਦਰੀ ਸਹਾਇਤਾ ਸਕੀਮਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਕੋਈ ਵੀ ਸਟਾਫ ਨਹੀਂ ਹੈ। ਇਸ ਸਬੰਧੀ ਇਹ ਫੈਸਲਾ ਕੀਤਾ ਗਿਆ ਕਿ ਜਿਹੜੀਆਂ ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀਆਂ, ਖਾਸ ਕਰਕੇ ਨਵੇਂ ਬਣੇ ਜ਼ਿਲ੍ਹਿਆਂ, ਕੋਲ ਸਟਾਫ ਦੀ ਜ਼ਿਆਦਾ ਕਮੀ ਹੈ ਉਥੇ ਘੱਟ ਤੋਂ ਘੱਟ ਪੈਸਿਆਂ ਵਿੱਚ ਆਰਜ਼ੀ expert ਸਟਾਫ ਰੱਖਿਆ ਜਾ ਸਕਦਾ ਹੈ। ਰੱਖੇ ਜਾਣ ਵਾਲੇ ਆਰਜ਼ੀ ਸਟਾਫ ਲਈ ਤਿੰਨ (3) ਨਾਮ ਸਮੇਤ ਪੂਰੇ ਵੇਰਵੇ ਭੇਜੇ ਜਾਣਗੇ ਅਤੇ ਉਹਨਾਂ ਵਿਚੋਂ ਕਿਸੇ ਇਕ ਨੂੰ ਕੰਮ ਸੌਂਪਿਆ ਜਾ ਸਕਦਾ ਹੈ। ਇਹ ਜ਼ਿਲ੍ਹੇ ਤਜ਼ਵੀਜ਼ ਭੇਜਦੇ ਸਮੇਂ ਮੌਜੂਦਾ ਸਟਾਫ ਸਬੰਧੀ ਪੂਰੀ ਜਾਣਕਾਰੀ ਮੁਹੱਈਆ ਕਰਵਾਉਂਦੇ ਹੋਏ ਮਾਨਭੱਤੇ ਦੇ ਆਧਾਰ ਤੇ ਰੱਖੇ ਜਾਣ ਵਾਲੇ ਸਟਾਫ ਦੀ ਪੂਰੀ justification ਵੀ ਦੇਣਗੇ।

7. ਜ਼ਿਲ੍ਹਿਆਂ ਦੇ ਨੁਮਾਇੰਦਿਆਂ ਨੂੰ ਐਸ.ਸੀ.ਐਸ.ਪੀ. ਦੇ ਨਿਰੀਖਣ ਲਈ ਗਠਿਤ ਕੀਤੀਆਂ "ਜਿਲ੍ਹਾ ਪੱਧਰੀ ਰਿਵੀਊ ਕਮੇਟੀਆਂ" ਦੀਆਂ ਮੀਟਿੰਗਾਂ ਸਮਾਂ-ਬੱਧ ਤਰੀਕੇ ਨਾਲ ਕਰਵਾਉਣ ਲਈ ਕਿਹਾ ਗਿਆ। ਕੁੱਝ ਜ਼ਿਲ੍ਹਿਆਂ ਵੱਲੋਂ ਅਜੇ ਤੱਕ ਕਮੇਟੀ ਦੀ ਕੋਈ ਵੀ ਮੀਟਿੰਗ ਨਹੀਂ ਕਰਵਾਈ ਗਈ ਜਦ ਕਿ ਕਮੇਟੀ ਦੀ ਮੀਟਿੰਗ ਸਾਲ ਵਿੱਚ ਚਾਰ ਵਾਰ (ਹਰ ਤਿਮਾਹੀ ਬਾਅਦ) ਕੀਤੀ ਜਾਣੀ ਜਰੂਰੀ ਹੈ। ਕੁੱਝ ਜ਼ਿਲ੍ਹਿਆਂ ਦੇ ਨੁਮਾਇੰਦਿਆਂ ਵੱਲੋਂ ਸੂਚਿਤ ਕੀਤਾ ਗਿਆ ਕਿ ਉਹਨਾਂ ਦੇ ਜਿਲ੍ਹੇ ਵਿੱਚ ਜਿਲ੍ਹਾ ਯੋਜਨਾ ਕਮੇਟੀ ਦਾ ਚੇਅਰਮੈਨ ਨਾ ਲੱਗਾ ਹੋਣ ਕਾਰਨ ਇਹ ਮੀਟਿੰਗਾਂ ਨਹੀਂ ਕਰਵਾਈਆਂ ਜਾ ਸਕੀਆਂ। ਇਸ ਸਬੰਧੀ ਫੈਸਲਾ ਕੀਤਾ ਗਿਆ ਕਿ ਜਿਹੜੇ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੇ ਤੱਕ ਨਿਯੁਕਤ ਨਹੀਂ ਹੋਏ ਉਹਨਾਂ ਜ਼ਿਲ੍ਹਿਆਂ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਇਹ ਮੀਟਿੰਗਾਂ ਅਪਣੇ ਪੱਧਰ ਤੇ ਕਰਵਾ ਲਿਆ ਕਰਨ।

8. ਜ਼ਿਲ੍ਹਿਆਂ ਦੇ ਨੁਮਾਇੰਦਿਆਂ ਨੂੰ ਗੈਰ-ਸਰਕਾਰੀ ਸੰਸਥਾਵਾਂ ਤੋਂ ਪ੍ਰਾਪਤ ਤਜ਼ਵੀਜ਼ਾ ਨੂੰ ਵਿਚਾਰ ਕੇ ਸਿਫਾਰਸ਼ ਕਰਨ ਲਈ ਗਠਿਤ ਕੀਤੀ ਗਈ "ਜ਼ਿਲ੍ਹਾ ਪੱਧਰੀ ਸਕਰੂਟਨੀ ਕਮੇਟੀ" ਦੀਆਂ ਮੀਟਿੰਗਾਂ ਬਿਨ੍ਹਾਂ ਕਿਸੇ ਹੋਰ ਦੇਰੀ ਤੋਂ ਕਰਵਾ ਕੇ ਇਹ ਤਜ਼ਵੀਜ਼ਾਂ ਤੁਰੰਤ ਭੇਜਣ ਲਈ ਲਈ ਕਿਹਾ ਗਿਆ।

9. ਜਿਨ੍ਹਾਂ ਜ਼ਿਲਿਆਂ ਦਾ ਪਿਛਲੇ ਸਾਲਾਂ ਦਾ ਆਡਿਟ ਹੁੱਣ ਤੱਕ ਨਹੀਂ ਹੋਇਆ ਉਹ ਪਹਿਲਾਂ ਇਹ ਕੋਸ਼ਿਸ਼ ਕਰਨ ਕਿ ਆਡਿਟ ਏ.ਜੀ., ਪੰਜਾਬ ਤੋਂ ਤੁਰੰਤ ਹੋ ਜਾਵੇ। ਜੇਕਰ ਕਿਸੇ ਕਾਰਨ ਕਰਕੇ ਏ.ਜੀ. ਦਾ ਆਡਿਟ ਨਹੀਂ ਹੁੰਦਾ ਤਾਂ ਇਹ ਜ਼ਿਲ੍ਹੇ ਪੂਰਾ ਸਪਸ਼ਟੀਕਰਨ ਦੇ ਕੇ ਚਾਰਟਰਡ ਅਕਾਊਂਟੈਂਟ, ਲੋਕਲ ਫੰਡ ਆਡਿਟ ਜਾਂ ਕੋਆਪਰੇਟਿਵ ਆਡਿਟ ਤੋਂ ਵੀ ਮੱਦਦ ਲੈ ਸਕਦੇ ਹਨ।

10. ਜਿਨ੍ਹਾਂ ਜ਼ਿਲਿਆਂ ਕੋਲ ਸਾਲ 2014-15 ਜਾਂ ਇਸ ਤੋਂ ਪਹਿਲਾਂ ਜਾਰੀ ਕੀਤੀ ਵਿਸ਼ੇਸ਼ ਕੇਂਦਰੀ ਸਹਾਇਤਾ ਦੀ ਰਾਸ਼ੀ ਵਿਚੋਂ ਕੋਈ ਰਾਸ਼ੀ (ਮੂਲ ਜਾਂ ਵਿਆਜ) ਬਚਦੀ ਹੋਵੇ, ਤਾਂ ਅਜਿਹੀ ਰਾਸ਼ੀ ਨੂੰ ਖਰਚ ਕਰਨ ਸਬੰਧੀ ਜਾਂ ਤਾਂ ਤਜ਼ਵੀਜ਼ ਭੇਜੀ ਜਾਵੇ ਜਾਂ ਇਹ ਰਾਸ਼ੀ ਤੁਰੰਤ ਵਾਪਿਸ ਕੀਤੀ ਜਾਵੇ।

11. ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਵਿਸ਼ੇਸ਼ ਕੇਂਦਰੀ ਸਹਾਇਤਾ ਦੇ ਕੰਮ ਲਈ ਇਕ ਨੋਡਲ ਅਫਸਰ ਲਗਾਉਣ ਲਈ ਕਿਹਾ ਗਿਆ ਤਾਂ ਕਿ ਵਿਸ਼ੇਸ਼ ਕੇਂਦਰੀ ਸਹਾਇਤਾ ਸਕੀਮ ਦੀ ਸਮੁੱਚੀ ਪ੍ਰਗਤੀ ਵਾਚਣ ਵਿੱਚ ਕੋਈ ਦਿਕਤ ਨਾ ਆਵੇ।

12. ਜ਼ਿਲ੍ਹਾ ਪਠਾਨਕੋਟ ਦੇ ਨੁਮਾਇੰਦੇ ਨੂੰ ਕਿਹਾ ਗਿਆ ਕਿ ਉਹਨਾਂ ਨੂੰ ਸਾਲ 2014-15 ਦੌਰਾਨ NITCON ਲਈ ਜਾਰੀ ਕੀਤੀ 11.70 ਲੱਖ ਰੁਪਏ ਦੀ ਰਾਸ਼ੀ ਵਿਚੋਂ Retain ਕੀਤੀ ਹੋਈ 10% ਰਾਸ਼ੀ (1.17 ਲੱਖ ਰੁਪਏ) ਸਬੰਧਤ ਏਜੰਸੀ ਨਾਲ ਤਾਲਮੇਲ ਕਰਕੇ ਤੁਰੰਤ ਜਾਰੀ ਕੀਤੀ ਜਾਵੇ ਅਤੇ ਪੂਰੀ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਮੁਹੱਈਆ ਕਰਵਾਇਆ ਜਾਵੇ।

13. ਜ਼ਿਲ੍ਹਿਆਂ ਦੇ ਨੁਮਾਇੰਦਿਆਂ ਨੂੰ ਅਜਿਹੇ ਪਿੰਡਾਂ ਜਾਂ ਕਲਸਟਰਾਂ ਦੀ ਸ਼ਨਾਖਤ ਕਰਨ ਲਈ ਕਿਹਾ ਗਿਆ। ਜਿਨ੍ਹਾਂ ਵਿੱਚ ਘੱਟ ਗਿਣਤੀ ਵਰਗ ਦੇ ਜਿਆਦਾ ਲੋਕ ਰਹਿੰਦੇ ਹੋਣ। ਅਜਿਹੇ ਪਿੰਡਾਂ/ਕਲਸਟਰਾਂ ਵਿੱਚ ਲੋੜੀਦੀਆਂ ਸਹੂਲਤਾਂ ਦੀ ਸ਼ਨਾਖਤ ਕਰਕੇ ਇਹਨ੍ਹਾਂ ਦਾ ਵੇਰਵਾ 15 ਦਿਨਾਂ ਦੇ ਅੰਦਰ-ਅੰਦਰ ਡਾਇਰੈਕਟਰ ਭਲਾਈ ਵਿਭਾਗ ਨੂੰ ਭੇਜਣ ਲਈ ਕਿਹਾ ਗਿਆ ਤਾਂ ਕਿ ਇਹਨਾਂ ਪਿੰਡਾਂ ਦੇ ਲੋਕਾਂ ਨੂੰ ਕੇਂਦਰੀ ਘੱਟ ਗਿਣਤੀ ਮੰਤਰਾਲੇ ਤੋਂ ਪ੍ਰਾਪਤ ਹੁੰਦੀਆਂ ਗ੍ਰਾਂਟਾਂ ਦਾ ਲਾਭ ਪਹੁੰਚਾਇਆ ਜਾ ਸਕੇ। ਅਜਿਹੇ ਪਿੰਡਾਂ ਦੀ ਤਜ਼ਵੀਜ਼ ਭੇਜਦੇ ਸਮੇਂ ਇਹਨਾਂ ਪਿੰਡਾਂ ਵਿੱਚ ਮੌਜੂਦਾ ਬੁਨਿਆਦੀ ਢਾਂਚੇ ਅਤੇ ਲੋੜੀਦੇ ਬੁਨਿਆਦੀ ਢਾਂਚੇ ਸਬੰਧੀ ਵਿਸਥਾਰਪੂਰਵਕ ਵੇਰਵਾ ਵੀ ਸ਼ਾਮਿਲ ਕਰਨ ਲਈ ਕਿਹਾ ਗਿਆ। ਇਸ ਸਬੰਧ ਵਿੱਚ ਪੰਜਾਬ ਦੇ ਅਰਥ ਅਤੇ ਅੰਕੜਾ ਸਲਾਹਕਾਰ ਦੇ ਦਫਤਰ ਵੱਲੋਂ ਰਾਜ ਦੇ ਸਾਰੇ ਪਿੰਡਾਂ ਦੀ ਤਿਆਰ ਕੀਤੀ ਗਈ ਵਿਸਥਾਰਪੂਰਵਕ ਡਾਇਰੈਕਟਰੀ ਦੀ ਮੱਦਦ ਲਈ ਜਾ ਸਕਦੀ ਹੈ ਜੋ ਕਿ ਯੋਜਨਾਬੰਦੀ ਵਿਭਾਗ ਦੀ ਵੈਬਸਾਈਟ pbplanning.gov.in ਤੇ ਉਪਲਬਧ ਹੈ।

14. ਜ਼ਿਲ੍ਹਿਆਂ ਦੇ ਨੁਮਾਇੰਦਿਆਂ ਨੂੰ ਅਜਿਹੀਆਂ ਗੈਰ-ਸਰਕਾਰੀ ਸੰਸਥਾਵਾਂ ਦੀ ਸ਼ਨਾਖਤ ਕਰਨ ਲਈ ਕਿਹਾ ਗਿਆ ਜੋ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਦੇ ਸਮੂਹਿਕ ਵਿਆਹ ਕਰਵਾਉਂਦੀਆਂ ਹੋਣ। ਉਹਨਾਂ ਨੂੰ ਅਜਿਹੀਆਂ ਗੈਰ-ਸਰਕਾਰੀ ਸੰਸਥਾਵਾਂ ਤੋਂ ਤਜ਼ਵੀਜ਼ਾਂ ਪ੍ਰਾਪਤ ਕਰਕੇ ਡਾਇਰੈਕਟਰ, ਭਲਾਈ ਵਿਭਾਗ ਨੂੰ 15 ਦਿਨ ਦੇ ਅੰਦਰ-ਅੰਦਰ ਭੇਜਣ ਲਈ ਕਿਹਾ ਗਿਆ।

ਮੀਟਿੰਗ ਸਭਾਪਤੀ ਜੀ ਨੂੰ ਧੰਨਵਾਦ ਕਹਿਣ ਉਪਰੰਤ ਸਮਾਪਤ ਹੋਈ।

********

ਅਨੁਲੱਗ-ੳ

**ਮਿਤੀ 26.8.2015 ਨੂੰ ਸਵੇਰੇ 11.30 ਵਜੇ ਸਕੱਤਰ ਭਲਾਈ ਜੀ ਦੀ ਪ੍ਰਧਾਨਗੀ ਹੇਠ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਾਲ ਹੋਈ ਮੀਟਿੰਗ ਵਿੱਚ ਭਾਗ ਲੈਣ ਵਾਲੇ ਅਧਿਕਾਰੀਆਂ ਦੀ ਸੂਚੀ।**

| ਲੜੀ ਨੰ. | ਨਾਮ ਅਤੇ ਅਹੁੱਦਾ |
|---|---|
| 1. | ਮਿਸ ਅਪਨੀਤ ਰਿਆਤ, ਆਈ.ਏ.ਐਸ.,<br>ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸ਼ਹੀਦ ਭਗਤ ਸਿੰਘ ਨਗਰ। |
| 2. | ਸ੍ਰੀ ਭੁਪਿੰਦਰ ਸਿੰਘ, ਪੀ.ਸੀ.ਐਸ.,<br>ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਐਸ.ਏ.ਐਸ.ਨਗਰ। |
| 3. | ਸ੍ਰੀ ਰਣਬੀਰ ਸਿੰਘ ਮੂਧਲ,<br>ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਤਰਨ ਤਾਰਨ। |
| 4. | ਸ੍ਰੀ ਬਲਜੀਤ ਸਿੰਘ,<br>ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਰੂਪਨਗਰ। |
| 5. | ਸ੍ਰੀ ਸਰਬਜੀਤ ਸਿੰਘ ਵਾਲੀਆ,<br>ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਕਪੂਰਥਲਾ। |
| 6. | ਸ੍ਰੀ ਸੰਜੀਵ ਗਰਗ,<br>ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਫਤਿਹਗੜ੍ਹ ਸਾਹਿਬ। |
| 7. | ਸ੍ਰੀ ਚਮਨ ਲਾਲ ਵਾਸਨ,<br>ਡਾਇਰੈਕਟਰ ਐਸ.ਸੀ.ਐਸ.ਪੀ.। |
| 8. | ਸ੍ਰੀ ਰਿਪਦਮਨ ਸਿੰਘ,<br>ਡਿਪਟੀ ਡਾਇਰੈਕਟਰ, ਐਸ.ਸੀ.ਐਸ.ਪੀ.। |
| 9. | ਸ੍ਰੀ ਜਸਵਿੰਦਰ ਸਿੰਘ ਗਿਲ,<br>ਜ਼ਿਲ੍ਹਾ ਭਲਾਈ ਅਫਸਰ, ਐਸ.ਏ.ਐਸ.ਨਗਰ। |
| 10. | ਸ੍ਰੀ ਗੁਰਮੀਤ ਸਿੰਘ ਬਰਾੜ,<br>ਜ਼ਿਲ੍ਹਾ ਭਲਾਈ ਅਫਸਰ, ਸ੍ਰੀ ਮੁਕਤਸਰ ਸਾਹਿਬ। |
| 11. | ਸ੍ਰੀ ਤਰਸੇਮ ਮਸੀਹ,<br>ਜ਼ਿਲ੍ਹਾ ਭਲਾਈ ਅਫਸਰ, ਹੁਸ਼ਿਆਰਪੁਰ। |
| 12. | ਸ੍ਰੀ ਰਜਿੰਦਰ ਕੁਮਾਰ,<br>ਤਹਿਸੀਲ ਭਲਾਈ ਅਫਸਰ, ਲੁਧਿਆਣਾ। |
| 13. | ਸ੍ਰੀ ਗੁਰਪ੍ਰੀਤ ਸਿੰਘ,<br>ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਗੁਰਦਾਸਪੁਰ। |
| 14. | ਸ੍ਰੀ ਪਰਵੀਨ ਬਕਸ਼ੀ,<br>ਸਹਾਇਕ ਪ੍ਰੋਜੈਕਟ ਅਫਸਰ, ਜਲੰਧਰ। |
| 15. | ਸ੍ਰੀ ਕੰਵਰ ਸੁਖਜਿੰਦਰ ਸਿੰਘ,<br>ਸਹਾਇਕ ਪ੍ਰੋਜੈਕਟ ਅਫਸਰ, ਅੰਮ੍ਰਿਤਸਰ ਅਤੇ ਵਾਧੂ ਚਾਰਜ ਪਠਾਨਕੋਟ। |
| 16. | ਸ੍ਰੀਮਤੀ ਹਰਜਿੰਦਰ ਕੌਰ,<br>ਸਹਾਇਕ ਪ੍ਰੋਜੈਕਟ ਅਫਸਰ, ਫਰੀਦਕੋਟ। |
| 17. | ਸ੍ਰੀ ਮਲਕੀਤ ਸਿੰਘ,<br>ਸਹਾਇਕ ਪ੍ਰੋਜੈਕਟ ਅਫਸਰ, ਬਰਨਾਲਾ। |
| 18. | ਸ੍ਰੀ ਆਰ.ਕੇ.ਸਿੰਘ,<br>ਸਹਾਇਕ ਪ੍ਰੋਜੈਕਟ ਅਫਸਰ, ਸੰਗਰੂਰ। |

| ਲੜੀ ਨੰ. | ਨਾਮ ਅਤੇ ਅਹੁੱਦਾ |
|---|---|
| 19. | ਸ੍ਰੀ ਵਿਜੇ ਧੀਰ,<br>ਸਹਾਇਕ ਪ੍ਰੋਜੈਕਟ ਅਫਸਰ, ਫਤਿਹਗੜ੍ਹ ਸਾਹਿਬ। |
| 20. | ਸ੍ਰੀ ਆਰ.ਪੀ.ਐਸ. ਸੰਧੂ,<br>ਡਿਪਟੀ ਸੀ.ਈ.ਓ., ਮੋਗਾ। |
| 21. | ਸ੍ਰੀ ਜੀ.ਐਸ.ਵਿਰਕ,<br>ਡਿਪਟੀ ਸੀ.ਈ.ਓ., ਪਟਿਆਲਾ। |
| 22. | ਸ੍ਰੀਮਤੀ ਬਲਜੀਤ ਕੌਰ,<br>ਡਿਪਟੀ ਸੀ.ਈ.ਓ., ਬਠਿੰਡਾ। |
| 23. | ਸ੍ਰੀ ਪਿਯੂਸ਼ ਚੰਦਰ,<br>ਉਪ ਮੁੱਖ ਕਾਰਜਕਾਰੀ ਅਫਸਰ, ਫਿਰੋਜਪੁਰ |
| 24. | ਸ੍ਰੀ ਜੇ.ਐਸ.ਲਾਂਬਾ,<br>ਜਨਰਲ ਮੈਨੇਜਰ, ਨਿਟਕਾਨ, ਚੰਡੀਗੜ੍ਹ। |